# ਪੰਜਾਬੀ ਵਿਭਾਗ

# ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ

# ਪੰਜਾਬੀ ਇਕ ਭਾਸ਼ਾ ਦੇ ਤੌਰ ਤੇ

- ਆਧੁਨਿਕ ਦੌਰ ਵਿੱਚ ਪੰਜਾਬੀ ਭਾਸ਼ਾ ਸੰਚਾਰ ਦਾ ਸਾਧਨ ਹੋਣ ਦੇ ਨਾਲ ਨਾਲ ਹੋਰ ਖੇਤਰਾਂ ਵਿੱਚ ਬਹੁਤ ਸਾਰੀਆਂ ਭੂਮਿਕਾਵਾਂ ਅਦਾ ਕਰਦੀ ਹੈ।
- ਪੰਜਾਬੀ ਦੁਨੀਆਂ ਦੀਆਂ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਦਸ ਭਾਸ਼ਾਵਾਂ ਵਿੱਚ ਸ਼ੁਮਾਰ ਹੁੰਦੀ ਹੈ।
- ਭਾਰਤ ਵਿਚ ਪੰਜਾਬੀ ਮੂਲ ਦੇ ਲੋਕਾਂ ਦੀ ਵੱਡੀ ਗਿਣਤੀ ਵੱਸਦੀ ਹੈ।
- ਆਧੁਨਿਕ ਸਿੱਖਿਆ ਸਿਸਟਮ ਵਿੱਚ ਪੰਜਾਬੀ ਦੀ ਸਿੱਖਿਆ ਲਈ ਵੱਖ-ਵੱਖ ਸੰਸਥਾਵਾਂ ਤੇ ਯੂਨੀਵਰਸਿਟੀਆਂ ਵੱਲੋਂ ਬਹੁਤ ਸਾਰੇ ਕੋਰਸ ਡਿਜਾਈਨ ਕੀਤੇ ਗਏ ਹਨ।

# ਕੈਰੀਅਰ ਸੰਭਾਵਨਾਵਾਂ

- **ਸਾਹਿਤ ਅਤੇ ਸਭਿਆਚਾਰ:**

ਸੰਪਾਦਨ, ਅਨੁਵਾਦ, ਪੱਤਰਕਾਰਿਤਾ, ਤੁਲਨਾਤਮਕ ਅਧਿਐਨ, ਲੋਕਧਾਰਾ, ਸਭਿਆਚਾਰਕ ਚੇਤਨਾ ਅਤੇ ਸਾਂਭ ਸੰਭਾਲ, ਭਾਸ਼ਿਕ ਚੇਤਨਾ ਅਤੇ ਸਾਂਭ ਸੰਭਾਲ।

- **ਬਿਜਲਈ ਮੀਡੀਆ:**

ਟੈਲੀਵਿਜਨ, ਸ਼ੋਸ਼ਲਮੀਡੀਆ, ਪੰਜਾਬੀ ਫਿਲਮਾਂ, ਟੈਲੀ ਫਿਲਮਾਂ, ਲਘੂ ਫਿਲਮਾਂ, ਇਸ਼ਤਿਹਾਰਬਾਜੀ ਅਤੇ ਨਾਟ ਮੰਚ ਵਿਚ ਵੱਖ ਵੱਖ ਭੂਮਿਕਾਵਾਂ।

# ਰੁਜਗਾਰ

- **ਅਧਿਆਪਨ:**

ਸਕੂਲ, ਕਾਲਜ, ਯੂਨੀਵਰਸਿਟੀ ਦੇ ਪੱਧਰ ਤੇ ਭਾਸ਼ਾ ਅਧਿਆਪਨ ਅਤੇ ਵਿਸ਼ਾ ਮਾਹਿਰ।

- **ਪੇਸ਼ੇਵਰ:**

ਸਭਿਆਚਾਰਕ ਸਲਾਹਕਾਰ, ਵਸੀਕਾ ਨਵੀਸ, ਸਟੈਨੋਗਰਾਫਰ, ਟਾਈਪਿਸਟ, ਪ੍ਰੈਸ ਰਿਪੋਟਰ।

- **ਅਕਾਦਮਿਕ ਵਪਾਰਿਕ ਗਤੀਵਿਧੀਆਂ:**

ਪੰਜਾਬੀ ਵਿਚ ਅਖਬਾਰ, ਮੈਗਜੀਨ, ਹਫਤਾਵਰੀ, ਵਪਾਰਿਕ ਰਿਪੋਰਟਾਂ, ਕਿਤਾਬਾਂ ਅਤੇ ਸਹਾਇਕ ਸਮੱਗਰੀ ਦੀ ਪ੍ਰਕਾਸ਼ਨਾ ਦਾ ਵੱਡਾ ਖੇਤਰ ਹੈ।

# ਸੁਝਾਅ

- **ਭਾਸ਼ਿਕ ਸ਼ੁੱਧਤਾ:**

ਪੰਜਾਬੀ ਸ਼ਬਦ ਜੋੜਾਂ ਦੇ ਉਚਾਰਣ ਅਤੇ ਲਿਖਣ ਕਲਾ ਵਿਚ ਵੱਡੀ ਸਮੱਸਿਆ ਆ ਰਹੀ ਹੈ। ਪ੍ਰਮੁੱਖ ਪੰਜਾਬੀ ਅਖਬਾਰਾਂ ਦੀਆਂ ਸੁਰਖੀਆਂ ਤੇ ਇਸ਼ਤਿਹਾਰਬਾਜੀ ਦੇ ਸ਼ਬਦ ਜੋੜਾਂ ਵਿਚ ਅਤੇ ਨਿਊਜ ਰੀਡਰਾਂ ਉਚਾਰਣ ਵਿਚ ਗਲਤੀਆਂ ਇਸਦੇ ਮੁੱਖ ਉਦਾਹਰਨ ਹਨ। ਇਹਨਾਂ ਖੇਤਰਾਂ ਵਿਚ ਸੁਧਾਰ ਲਈ ਵਿਸ਼ੇਸ਼ ਯਤਨ ਕਰਨ ਦੀ ਲੋੜ ਹੈ।